BRAMPTON Flower City
brampton.ca

media release

28 ਜੂਨ, 2018

# ਸਿਟੀ ਨੇ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਕਾਰਵਾਈ ਕੀਤੀ

ਬ੍ਰੈਂਪਟਨ, ਓਨਟੈਰੀਓ – ਬੁੱਧਵਾਰ, 27 ਜੂਨ ਨੂੰ ਆਪਣੀ ਮੀਟਿੰਗ ਵਿੱਚ, ਬ੍ਰੈਂਪਟਨ ਸਿਟੀ ਕਾਉਂਸਿਲ (Brampton City Council) ਨੇ ਸਟਾਫ਼ ਦੀ ਇਸ ਸਿਫ਼ਾਰਿਸ਼ ਨੂੰ ਮਨਜ਼ੂਰੀ ਦਿੱਤੀ ਕਿ ਸਾਰੀਆਂ ਨਵੀਆਂ ਸਾਈਟ, ਡ੍ਰਾਫਟ ਅਤੇ ਬਲੌਕ ਯੋਜਨਾ ਵਿਕਾਸ ਸਬੰਧੀ ਅਰਜ਼ੀਆਂ ਲਈ, ਘੱਟੋ-ਘੱਟ, ਇੱਕ ਕਾਂਸੀ ਸੀਮਾ ਸਥਿਰਤਾ ਸਕੋਰ (ਬ੍ਰੌਂਜ਼ ਥ੍ਰੈਸ਼ਹੋਲਡ ਸਸਟੇਨੇਬਿਲਿਟੀ ਸਕੋਰ) ਹਾਸਲ ਕੀਤਾ ਜਾਣਾ ਲਾਜ਼ਮੀ ਹੈ, ਜਿਵੇਂ ਕਿ ਸਿਟੀ ਦੀਆਂ ਭਾਈਚਾਰਾ ਵਿਕਾਸ ਗਾਈਡਲਾਈਨਾਂ (Sustainable Community Development Guidelines) ਵਿੱਚ ਦਿੱਤਾ ਗਿਆ ਹੈ।

ਸਿਟੀ ਆਫ ਬ੍ਰੈਂਪਟਨ (City of Brampton) ਨੇ ਸਥਿਰ ਭਾਈਚਾਰਿਆਂ ਦੀ ਯੋਜਨਾ ਅਤੇ ਡਿਜ਼ਾਈਨ ਬਣਾਉਣ ਲਈ ਇੱਕ ਵਿਆਪਕ ਦ੍ਰਿਸ਼ਟੀਕੋਣ ਅਪਨਾਇਆ ਹੈ। ਸਥਿਰ ਭਾਈਚਾਰਾ ਵਿਕਾਸ ਗਾਈਡਲਾਈਨਾਂ ਅਤੇ ਸਥਿਰਤਾ ਮੁਲਾਂਕਣ ਟੂਲ (Sustainability Assessment Tool), ਨਵੀਆਂ ਵਿਕਾਸ ਸਬੰਧੀ ਅਰਜ਼ੀਆਂ ਦੇ ਵਾਤਾਵਰਨ ਸਬੰਧੀ ਸਥਿਰਤਾ ਪ੍ਰਦਰਸ਼ਨ ਦਾ ਅਨੁਮਾਨ ਲਗਾਉਣ ਲਈ ਤਿਆਰ ਕੀਤੇ ਗਏ ਦੋ ਸਾਧਨ ਹਨ।

ਸਥਿਰ ਭਾਈਚਾਰਾ ਵਿਕਾਸ ਗਾਈਡਲਾਈਨਾਂ ਸਿਟੀ ਦੀਆਂ ਵਿਕਾਸ ਡਿਜ਼ਾਈਨ ਗਾਈਡਲਾਈਨਾਂ (Development Design Guidelines) ਦਾ ਹਿੱਸਾ ਹਨ। ਉਹ ਸੈਕੰਡਰੀ ਅਤੇ ਬਲੌਕ ਯੋਜਨਾਬੰਦੀ, ਉਪ-ਮੰਡਲ (ਸਬਡਿਵੀਜ਼ਨ) ਦੀਆਂ ਯੋਜਨਾਵਾਂ ਅਤੇ ਸਾਈਟ ਯੋਜਨਾਵਾਂ ਦੀ ਸਮੀਖਿਆ ਅਤੇ ਮੁਲਾਂਕਣ ਕਰਨ ਦਾ ਇੱਕ ਅਭਿੰਨ ਅੰਗ ਵਿਕਸਿਤ ਕਰਦੇ ਹੋਏ, ਨਵੇਂ ਭਾਈਚਾਰਿਆਂ ਅਤੇ ਇਮਾਰਤਾਂ ਦੀ ਯੋਜਨਾਬੰਦੀ ਅਤੇ ਵਿਕਾਸ ਵਿੱਚ ਮਾਰਗਦਰਸ਼ਨ ਲਈ ਕੁਆਲਿਟੀ ਅਧਾਰਤ ਅਨੁਮਾਨ ਸਥਾਪਤ ਕਰਦੀਆਂ ਹਨ।

ਸਿਟੀ ਆਫ ਬ੍ਰੈਂਪਟਨ ਦੇ ਸਥਿਰ ਭਾਈਚਾਰਾ ਵਿਕਾਸ ਗਾਈਡਲਾਈਨਾਂ ਦਸਤਾਵੇਜ਼ ਵਿੱਚ ਅੱਗੇ, ਸਿਟੀ ਨੇ, ਸਿਟੀ ਆਫ ਵੌਨ (City of Vaughan) ਅਤੇ ਟਾਊਨ ਆਫ ਰਿਚਮੰਡ ਹਿਲ (Town of Richmond Hill) ਦੇ ਸਹਿਯੋਗ ਨਾਲ, ਇੱਕ ਸਥਿਰਤਾ ਮੁਲਾਂਕਣ ਟੂਲ ਵਿਕਸਿਤ ਕੀਤਾ ਹੈ, ਜਿਸ ਵਿੱਚ ਨਵੀਆਂ ਵਿਕਾਸ ਸਬੰਧੀ ਅਰਜ਼ੀਆਂ ਦੇ ਵਾਤਾਵਰਨ ਸਬੰਧੀ ਸਥਿਰਤਾ ਪ੍ਰਦਰਸ਼ਨ ਦਾ ਮੁਲਾਂਕਣ ਕਰਨ ਅਤੇ ਸਕੋਰ ਦੇਣ ਲਈ ਤੈਅ ਮੈਟ੍ਰਿਕਸ ਅਤੇ ਟੀਚੇ ਸ਼ਾਮਲ ਹਨ। 50 ਤੋਂ ਵੱਧ ਸਥਿਰਤਾ ਮੈਟ੍ਰਿਕਸ ਦੇ ਨਾਲ, ਬ੍ਰੈਂਪਟਨ ਵਿੱਚ ਵਿਕਾਸਕਾਰਾਂ ਕੋਲ ਬ੍ਰੈਂਪਟਨ ਦੀ ਕਾਂਸੀ ਸੀਮਾ ਹਾਸਲ ਕਰਨ ਲਈ ਕਈ ਸਾਰੇ ਵਿਕਲਪ ਹਨ। ਨਵੀਂ-ਲੋੜੀਂਦੀ ਕਾਂਸੀ ਸੀਮਾ ਹਾਸਲ ਕਰਨ ਲਈ, ਸਾਈਟ ਯੋਜਨਾ ਵਿਕਾਸ ਸਬੰਧੀ ਅਰਜ਼ੀਆਂ ਲਈ 35 ਤੋਂ 52 ਅੰਕ, ਡ੍ਰਾਫਟ ਯੋਜਨਾਵਾਂ ਲਈ 29 ਤੋਂ 39 ਅੰਕ, ਅਤੇ ਬਲੌਕ ਯੋਜਨਾਵਾਂ ਲਈ 30 ਤੋਂ 38 ਅੰਕ ਹਾਸਲ ਕਰਨੇ ਲਾਜ਼ਮੀ ਹਨ।

ਸਥਿਰਤਾ ਬ੍ਰੈਂਪਟਨ 2040 ਦ੍ਰਿਸ਼ਟੀਕੋਣ (Brampton 2040 Vision) ਦਾ ਇੱਕ ਮੁੱਖ ਵਿਸ਼ਾ ਹੈ। ਦ੍ਰਿਸ਼ਟੀਕੋਣ ਨੇ ਬ੍ਰੈਂਪਟਨ ਵਾਸਤੇ ਇੱਕ ਅਜਿਹਾ ਮਾੱਡਲ ਸਮਕਾਲੀ ਉਪ ਨਗਰ ਬਣਨ ਲਈ ਮੰਚ ਤਿਆਰ ਕੀਤਾ ਹੈ, ਜੋ ਜਿਓਣ ਯੋਗਤਾ, ਸਥਿਰਤਾ, ਮੁਕਾਬਲੇਦਾਰੀ ਅਤੇ ਲਚਕੀਲੇਪਨ ‘ਤੇ ਜ਼ੋਰ ਦਿੰਦਾ ਹੈ, ਅਤੇ ਭਵਿੱਖ ਲਈ ਦਿਸ਼ਾਵਾਂ ਨੂੰ ਪਛਾਣਦਾ ਹੈ। 2040 ਵੱਲ ਵਧਦੇ ਹੋਏ, ਸਿਟੀ ਅਜਿਹੀ ਏਕੀਕਰਣ ਯੋਜਨਾਬੰਦੀ ਅਤੇ ਵਿਕਾਸ ਰਾਹੀਂ ਸਥਿਰਤਾ ਅਤੇ ਲਚਕੀਲੇਪਨ ਨੂੰ ਤਰਜੀਹ ਦੇਵੇਗੀ, ਜੋ ਲੋਕਾਂ, ਪਲੈਨੇਟ ਅਤੇ ਮੁਨਾਫੇ ‘ਤੇ ਹੋਣ ਵਾਲੇ ਲੰਮੀ-ਮਿਆਦ ਦੇ ਅਸਰ ‘ਤੇ ਵਿਚਾਰ ਕਰਨ।

ਸਥਿਰਤਾ ਬਾਰੇ ਹੋਰ ਜਾਣਕਾਰੀ ਲਈ ਅਤੇ ਬ੍ਰੈਂਪਟਨ 2040 ਦ੍ਰਿਸ਼ਟੀਕੋਣ (Brampton 2040 Vision) ਨੂੰ ਪੜ੍ਹਨ ਲਈ, www.brampton.ca ‘ਤੇ ਜਾਓ।

**ਹਵਾਲਾ**

"ਵਿਕਾਸ ਸਬੰਧੀ ਅਰਜ਼ੀਆਂ ਲਈ ਨਿਊਨਤਮ ਸਥਿਰਤਾ ਸਕੋਰ ਹਾਸਲ ਕਰਨ ਨੂੰ ਲਾਜ਼ਮੀ ਕਰਕੇ, ਸਿਟੀ ਵੱਧ ਸਥਿਰ ਵਿਕਾਸ ਦਾ ਰਸਤਾ ਤਿਆਰ ਕਰ ਰਹੀ ਹੈ। ਸਾਨੂੰ ਯਕੀਨ ਹੈ ਕਿ ਵਿਕਾਸ ਭਾਈਚਾਰਾ ਸਾਡੇ ਸਥਾਨਕ ਵਾਤਾਵਰਨ ਵਿੱਚ ਮਦਦ ਕਰਨ ਲਈ ਇਸ ਮੌਕੇ ਨੂੰ ਪੂਰੀ ਤਰ੍ਹਾਂ ਗ੍ਰਹਿਣ ਕਰੇਗਾ, ਅਤੇ ਅਸੀਂ ਬ੍ਰੈਂਪਟਨ ਨੂੰ ਵਾਤਾਵਰਨ ਦੇ ਸਬੰਧ ਵਿੱਚ ਵੱਧ ਜ਼ਿੰਮੇਵਾਰ ਢੰਗ ਨਾਲ ਲਗਾਤਾਰ ਵਿਕਾਸ ਕਰਦੇ ਹੋਏ ਦੇਖਣ ਦੀ ਆਸ ਕਰਦੇ ਹਾਂ।"

- *ਮੇਅਰ ਲਿੰਡਾ ਜੈਫਰੀ (Linda Jeffrey)*

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।